# India Russia consultations on UNSC issues

December 02, 2020

## ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ ਬਾਰੇ ਭਾਰਤ-ਰੂਸ ਸਲਾਹ ਮਸ਼ਵਰੇ

2 ਦਸੰਬਰ, 2020

ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ਼੍ਰੀ ਵਿਕਾਸ ਸਰੂਪ ਨੇ 2 ਦਸੰਬਰ, 2020 ਨੂੰ ਮਾਸਕੋ ਵਿੱਚ ਰੂਸੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕਰਨ ਲਈ ਪਹੁੰਚੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ। ਭਾਰਤੀ ਵਫ਼ਦ ਵਿੱਚ ਵਿਦੇਸ਼ ਮੰਤਰਾਲੇ ਅਤੇ ਮਾਸਕੋ ਵਿੱਚ ਭਾਰਤੀ ਦੂਤਾਵਾਸ ਦੇ ਹੋਰ ਅਧਿਕਾਰੀ ਵੀ ਸ਼ਾਮਲ ਸਨ।

2. ਰੂਸੀ ਵਦਫ਼ ਦੀ ਅਗਵਾਈ ਰੂਸੀ ਸੰਘ ਦੇ ਵਿਦੇਸ਼ ਉਪ-ਮੰਤਰੀ ਸ਼੍ਰੀ ਸਰਗੇਈ ਵਾਸਿਲੀਵਿਚ ਵਰਸ਼ੀਨਿਨ ਕਰ ਰਹੇ ਸਨ ਅਤੇ ਇਸ ਵਿੱਚ ਰੂਸੀ ਵਿਦੇਸ਼ ਮੰਤਰਾਲੇ ਦੇ ਹੋਰ ਅਧਿਕਾਰੀ ਵੀ ਸ਼ਾਮਲ ਸਨ।

ਰੂਸੀ ਪੱਖ ਨੇ 2021-22 ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਭਾਰਤ ਵੱਲੋਂ ਗੈਰ-ਸਥਾਈ ਸੀਟ ਲੈਣ ਦਾ ਸਵਾਗਤ ਕੀਤਾ। ਦੋਨਾਂ ਪੱਖਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਏਜੰਡੇ ਅਤੇ ਹਾਲੀਆ ਘਟਨਾਕ੍ਰਮ ਨਾਲ ਜੁੜੇ ਮੁੱਦਿਆਂ ਬਾਰੇ ਵਿਆਪਕ ਵਿਚਾਰ ਵਟਾਂਦਰੇ ਕੀਤੇ। ਦੋਨਾਂ ਧਿਰਾਂ ਨੇ ਬਹੁਪੱਖੀ ਮੰਚਾਂ 'ਤੇ ਅੱਤਵਾਦ ਵਿਰੁੱਧ ਡੂੰਘਾ ਸਹਿਯੋਗ ਕਰਨ 'ਤੇ ਸਹਿਮਤੀ ਪ੍ਰਗਟਾਈ। ਭਾਰਤੀ ਵਫਦ ਨੇ ਰੂਸ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਆਪਣੇ ਆਉਣ ਵਾਲੇ ਕਾਰਜਕਾਲ ਦੌਰਾਨ ਆਪਣੀਆਂ ਤਰਜੀਹਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੇ ਸਾਂਝੀਆਂ ਚੁਣੌਤੀਆਂ ਅਤੇ ਆਪਣੀ ਪੁਰਾਣੀ ਵਿਸ਼ੇਸ਼ ਅਤੇ ਰਣਨੀਤਕ ਅਧਿਕਾਰ ਪ੍ਰਾਪਤ ਭਾਈਵਾਲੀ ਦੇ ਮੱਦੇਨਜ਼ਰ ਮਿਲਜੁਲ ਕੇ ਕੰਮ ਕਰਨ ਦਾ ਫੈਸਲਾ ਕੀਤਾ।

ਮਾਸਕੋ
2 ਦਸੰਬਰ, 2020

DISCLAIMER: This is an approximate translation. The original is available in English on MEA's website and may be referred to as the official press release.